ਮਿੱਠੇ ਬੱਚੇ:- ਗਿਆਨ ਦਾ ਤੀਸਰਾ ਨੇਤ੍ਰ ਸਦਾ ਖੁੱਲ੍ਹਾ ਰਹੇ ਤਾਂ ਖੁਸ਼ੀ ਵਿੱਚ ਰੋਮਾਂਚ ਖੜੇ ਹੋ ਜਾਣਗੇ, ਖੁਸ਼ੀ ਦਾ ਪਾਰਾ ਸਦਾ ਚੜ੍ਹਿਆ ਰਹੇਗਾ”

ਪ੍ਰਸ਼ਨ:- ਇਸ ਵਕਤ ਮਨੁੱਖਾਂ ਦੀ ਨਜ਼ਰ ਬਹੁਤ ਕਮਜ਼ੋਰ ਹੈ ਇਸਲਈ ਉਨ੍ਹਾਂ ਨੂੰ ਸਮਝਾਉਣ ਦੀ ਯੁਕਤੀ ਕੀ ਹੈ?

ਉੱਤਰ:- ਬਾਬਾ ਕਹਿੰਦੇ ਉਨ੍ਹਾਂ ਦੇ ਲਈ ਤੁਸੀਂ ਇਵੇਂ - ਇਵੇਂ ਦੇ ਵੱਡੇ ਚਿੱਤਰ ਬਣਾਓ ਜੋ ਉਹ ਦੂਰ ਤੋਂ ਹੀ ਵੇਖਕੇ ਸਮਝ ਜਾਣ। ਇਹ ਗੋਲੇ ਦਾ (ਸ੍ਰਿਸ਼ਟੀ ਚੱਕਰ ਦਾ) ਚਿੱਤਰ ਤਾਂ ਬਹੁਤ ਵੱਡਾ ਹੋਣਾ ਚਾਹੀਦਾ। ਇਹ ਹੈ ਅੰਨ੍ਹਿਆਂ ਦੇ ਅੱਗੇ ਆਇਨਾ।

ਪ੍ਰਸ਼ਨ :- ਸਾਰੀ ਦੁਨੀਆਂ ਨੂੰ ਸਾਫ਼ ਬਣਾਉਣ ਵਿੱਚ ਤੁਹਾਡਾ ਮਦਦਗਾਰ ਕੌਣ ਬਣਦਾ ਹੈ?

ਉੱਤਰ :- ਇਹ ਕੁਦਰਤੀ ਆਫ਼ਤਾਂ ਤੁਹਾਡੀਆਂ ਮਦਦਗਾਰ ਬਣਦੀਆਂ ਹਨ। ਇਹ ਬੇਹੱਦ ਦੀ ਦੁਨੀਆਂ ਦੀ ਸਫ਼ਾਈ ਦੇ ਲਈ ਜ਼ਰੂਰ ਕੋਈ ਮਦਦਗਾਰ ਚਾਹੀਦਾ ਹੈ।

ਓਮ ਸ਼ਾਂਤੀ। ਗਾਇਨ ਵੀ ਹੈ ਬਾਪ ਕੋਲੋਂ ਇੱਕ ਸੈਕਿੰਡ ਵਿੱਚ ਵਰਸਾ ਅਤੇ ਜੀਵਨਮੁਕਤੀ। ਹੋਰ ਤਾਂ ਸਭ ਹਨ ਜੀਵਨਬੰਧ ਵਿੱਚ। ਇਹ ਇੱਕ ਹੀ ਤ੍ਰਿਮੂਰਤੀ ਅਤੇ ਗੋਲੇ ਵਾਲਾ ਚਿੱਤਰ ਜੋ ਹੈ, ਬੱਸ ਇਹ ਹੀ ਮੁੱਖ ਹੈ। ਇਹ ਬਹੁਤ ਵੱਡਾ - ਵੱਡਾ ਹੋਣਾ ਚਾਹੀਦਾ ਹੈ। ਅੰਨ੍ਹਿਆਂ ਲਈ ਤਾਂ ਵੱਡਾ ਆਇਨਾ ਚਾਹੀਦਾ, ਜੋ ਚੰਗੀ ਤਰ੍ਹਾਂ ਵੇਖ ਸਕਣ ਕਿਉਂਕਿ ਹੁਣ ਸਭ ਦੀ ਨਜ਼ਰ ਕਮਜ਼ੋਰ ਹੈ, ਬੁੱਧੀ ਘੱਟ ਹੈ। ਬੁੱਧੀ ਕਿਹਾ ਜਾਂਦਾ ਹੈ ਤੀਸਰੇ ਨੇਤ੍ਰ ਨੂੰ। ਤੁਹਾਡੀ ਬੁੱਧੀ ਵਿੱਚ ਹੁਣ ਖੁਸ਼ੀ ਹੋਈ ਹੈ। ਖੁਸ਼ੀ ਵਿੱਚ ਜਿਸਦੇ ਰੋਮਾਂਚ ਖੜੇ ਨਹੀਂ ਹੁੰਦੇ ਹਨ, ਮਤਲਬ ਸ਼ਿਵਬਾਬਾ ਨੂੰ ਯਾਦ ਨਹੀਂ ਕਰਦੇ ਹਨ ਤੇ ਕਹਿਣਗੇ ਗਿਆਨ ਦਾ ਤੀਸਰਾ ਨੇਤ੍ਰ ਥੋੜ੍ਹਾ ਖੁੱਲ੍ਹਾ ਹੈ, ਝੁੰਝਾਰ ਹੈ। ਬਾਪ ਸਮਝਾਉਂਦੇ ਹਨ ਕਿਸੇ ਨੂੰ ਵੀ ਸ਼ਾਰ੍ਟ ਵਿੱਚ ਸਮਝਾਉਣਾ ਹੈ। ਵੱਡੇ - ਵੱਡੇ ਮੇਲੇ ਆਦਿ ਲੱਗਦੇ ਹਨ, ਬੱਚੇ ਜਾਣਦੇ ਹਨ ਸਰਵਿਸ ਕਰਨ ਦੇ ਲਈ ਇੱਕ ਚਿੱਤਰ ਬਹੁਤ ਹੈ। ਭਾਵੇਂ ਗੋਲੇ ਦਾ ਚਿੱਤਰ ਹੋਵੇਂ ਤਾਂ ਵੀ ਕੋਈ ਹਰਜ਼ਾ ਨਹੀਂ ਹੈ। ਬਾਪ, ਡਰਾਮਾ ਅਤੇ ਝਾੜ ਦਾ ਅਤੇ ਕਲਪ ਬ੍ਰਿਖ ਦਾ ਹੋਰ 84 ਦੇ ਚੱਕਰ ਦਾ ਰਾਜ਼ ਸਮਝਾਉਂਦੇ ਹਨ। ਬ੍ਰਹਮਾ ਦੁਆਰਾ ਬਾਪ ਦਾ ਇਹ ਵਰਸਾ ਮਿਲਦਾ ਹੈ। ਇਹ ਵੀ ਚੰਗੀ ਰੀਤੀ ਕਲੀਅਰ ਹੈ। ਇਹ ਚਿੱਤਰ ਵਿੱਚ ਸਭ ਆ ਜਾਂਦਾ ਹੈ ਹੋਰ ਇੰਨੇ ਸਭ ਚਿੱਤਰਾਂ ਦੀ ਲੋੜ ਨਹੀਂ ਹੈ। ਇਹ ਹੀ ਦੋ ਚਿੱਤਰ ਬਹੁਤ ਵੱਡੇ - ਵੱਡੇ ਅੱਖਰਾਂ ਵਿੱਚ ਹੋਣ। ਲਿਖ਼ਤ ਵੀ ਹੋਵੇ। ਜੀਵਨਮੁਕਤੀ ਗੌਡ ਫ਼ਾਦਰ ਦਾ ਬਰ੍ਥ ਰਾਈਟ ਹੈ, ਹੋਵਣਹਾਰ ਵਿਨਾਸ਼ ਤੋਂ ਪਹਿਲਾਂ। ਵਿਨਾਸ਼ ਵੀ ਜ਼ਰੂਰ ਹੋਣਾ ਹੀ ਹੈ। ਡਰਾਮਾ ਦੇ ਪਲਾਨ ਅਨੁਸਾਰ ਆਪੇ ਹੀ ਸਭ ਸਮਝ ਜਾਣਗੇ। ਤੁਹਾਡੇ ਸਮਝਾਉਣ ਦੀ ਵੀ ਲੋੜ ਨਹੀਂ ਰਹੇਗੀ। ਬੇਹੱਦ ਦੇ ਬਾਪ ਤੋਂ ਬੇਹੱਦ ਦਾ ਇਹ ਵਰਸਾ ਮਿਲਦਾ ਹੈ। ਇਹ ਤਾਂ ਬਿਲਕੁਲ ਪੱਕਾ ਯਾਦ ਰੱਖਣਾ ਚਾਹੀਦਾ ਹੈ। ਪਰ ਮਾਇਆ ਤੁਹਾਨੂੰ ਭੁਲਾ ਦਿੰਦੀ ਹੈ। ਵਕਤ ਨਿਕਲਦਾ ਜਾਂਦਾ ਹੈ। ਗਾਇਨ ਵੀ ਹੈ ਨਾ…ਬਹੁਤ ਗਈ…ਇਸਦਾ ਅਰਥ ਇਹ ਵਕਤ ਦਾ ਹੀ ਹੈ। ਬਾਕੀ ਥੋੜ੍ਹਾ ਵਕ਼ਤ ਹੀ ਰਿਹਾ ਹੈ। ਸਥਾਪਨਾ ਤਾਂ ਹੋ ਹੀ ਰਹੀ ਹੈ, ਵਿਨਾਸ਼ ਵਿੱਚ ਥੋੜ੍ਹਾ ਵਕ਼ਤ ਹੈ। ਥੋੜ੍ਹੇ ਵਿੱਚ ਵੀ ਥੋੜੀ ਰਹਿੰਦੀ ਜਾਏਗੀ। ਵਿਚਾਰ ਕੀਤਾ ਜਾਂਦਾ ਹੈ ਫੇਰ ਕੀ ਹੋਵੇਗਾ? ਹੁਣ ਤਾਂ ਜਾਗਦੇ ਨਹੀਂ। ਪਿੱਛੇ ਜਾਗਦੇ ਜਾਣਗੇ। ਅੱਖਾਂ ਵੱਡੀਆਂ ਹੁੰਦੀਆਂ ਜਾਣਗੀਆਂ। ਇਹ ਅੱਖਾਂ ਨਹੀਂ, ਬੁੱਧੀ ਦੀ ਅੱਖ। ਛੋਟੇ - ਛੋਟੇ ਚਿੱਤਰਾਂ ਵਿੱਚ ਇਨਾਂ ਮਜ਼ਾ ਨਹੀਂ ਆਉਂਦਾ ਹੈ। ਵੱਡੇ - ਵੱਡੇ ਬਣ ਜਾਣਗੇ। ਸਾਈਂਸ ਵੀ ਕਿੰਨੀ ਮਦਦ ਦਿੰਦੀ ਹੈ। ਵਿਨਾਸ਼ ਵਿੱਚ ਤਤ੍ਵ ਵੀ ਮਦਦ ਕਰਦੇ ਹਨ। ਬਗ਼ੈਰ ਕੌਡੀ ਖ਼ਰਚੇ ਤੁਹਾਨੂੰ ਕਿੰਨੀ ਮਦਦ ਦਿੰਦੇ ਹਨ। ਤੁਹਾਡੇ ਲਈ ਬਿਲਕੁਲ ਸਫਾਇਆ ਕਰ ਦਿੰਦੇ ਹਨ। ਇਹ ਬਿਲਕੁਲ ਛੀ - ਛੀ ਦੁਨੀਆਂ ਹੈ। ਅਜ਼ਮੇਰ ਵਿੱਚ ਸ੍ਵਰਗ ਦਾ ਯਾਦਗ਼ਾਰ ਹੈ। ਇੱਥੇ ਦਿਲਵਾੜਾ ਮੰਦਿਰ ਵੀ ਸਥਾਪਨਾ ਦਾ ਯਾਦਗ਼ਾਰ ਹੈ, ਪਰ ਕੁਝ ਸਮਝ ਥੋੜੀ ਹੀ ਸਕਦੇ ਹਨ। ਹੁਣ ਤੁਸੀਂ ਸਮਝਦਾਰ ਬਣੇ ਹੋ। ਭਾਵੇਂ ਮਨੁੱਖ ਕਹਿੰਦੇ ਹਨ ਅਸੀਂ ਨਹੀਂ ਜਾਣਦੇ ਕਿ ਵਿਨਾਸ਼ ਹੋ ਜਾਏਗਾ, ਸਮਝ ਵਿੱਚ ਨਹੀਂ ਆਉਂਦਾ। ਇੱਕ ਕਹਾਣੀ ਹੈ ਨਾ - ਸ਼ੇਰ ਆਇਆ, ਸ਼ੇਰ ਆਇਆ। ਨਹੀਂ ਮੰਨਦੇ ਸੀ। ਇੱਕ ਦਿਨ ਸਾਰੀਆਂ ਗਾਵਾਂ ਖਾ ਗਿਆ। ਤੁਸੀਂ ਵੀ ਕਹਿੰਦੇ ਰਹਿੰਦੇ ਹੋ ਇਹ ਪੁਰਾਣੀ ਦੁਨੀਆਂ ਗਈ ਕਿ ਗਈ। ਬਹੁਤ ਗਈ ਥੋੜੀ ਰਹੀ…।

ਇਹ ਸਾਰੀ ਨਾਲੇਜ਼ ਤੁਹਾਡੀ ਬੱਚਿਆਂ ਦੀ ਬੁੱਧੀ ਵਿੱਚ ਰਹਿਣੀ ਚਾਹੀਦੀ ਹੈ। ਆਤਮਾ ਹੀ ਧਾਰਨ ਕਰਦੀ ਹੈ। ਬਾਪ ਦੀ ਵੀ ਆਤਮਾ ਵਿੱਚ ਗਿਆਨ ਹੈ, ਉਹ ਜਦੋਂ ਸ਼ਰੀਰ ਧਾਰਨ ਕਰਦੇ ਹਨ ਉਦੋਂ ਗਿਆਨ ਦਿੰਦੇ ਹਨ। ਜ਼ਰੂਰ ਉਨ੍ਹਾਂ ਵਿੱਚ ਨਾਲੇਜ਼ ਹੈ ਤਾਂ ਹੀ ਤੇ ਨਾਲੇਜ਼ਫੁੱਲ ਗੌਡ ਫ਼ਾਦਰ ਕਿਹਾ ਜਾਂਦਾ ਹੈ। ਉਹ ਸਾਰੀ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹਨ। ਆਪਣੇ ਨੂੰ ਤਾਂ ਜਾਣਦੇ ਹੈ ਨਾ। ਹੋਰ ਸ੍ਰਿਸ਼ਟੀ ਚੱਕਰ ਕਿਵੇਂ ਫ਼ਿਰਦਾ ਹੈ ਉਹ ਵੀ ਨਾਲੇਜ਼ ਹੈ ਇਸਲਈ ਅੰਗਰੇਜ਼ੀ ਵਿੱਚ ਨਾਲੇਜ਼ਫੁੱਲ ਅੱਖਰ ਬਹੁਤ ਚੰਗਾ ਹੈ। ਮਨੁੱਖ ਸ੍ਰਿਸ਼ਟੀ ਰੂਪੀ ਝਾੜ ਦਾ ਬੀਜਰੂਪ ਹੈ ਤਾਂ ਉਨ੍ਹਾਂ ਨੂੰ ਸਾਰੀ ਨਾਲੇਜ਼ ਹੈ। ਤੁਸੀਂ ਇਹ ਜਾਣਦੇ ਹੋ ਨੰਬਰਵਾਰ ਪੁਰਸ਼ਾਰਥ ਅਨੁਸਾਰ। ਸ਼ਿਵਬਾਬਾ ਤਾਂ ਹੈ ਹੀ ਨਾਲੇਜ਼ਫੁੱਲ। ਇਹ ਚੰਗੀ ਰੀਤਿ ਬੁੱਧੀ ਵਿੱਚ ਰਹਿਣਾ ਚਾਹੀਦਾ ਹੈ। ਇਵੇਂ ਨਹੀਂ, ਸਭਦੀ ਬੁੱਧੀ ਵਿੱਚ ਇੱਕਰਸ ਧਾਰਨ ਹੁੰਦਾ ਹੈ। ਭਾਵੇਂ ਲਿੱਖਦੇ ਵੀ ਹਨ ਪਰ ਧਾਰਨਾ ਕੁਝ ਨਹੀਂ। ਨਾ ਮਾਤਰ ਲਿੱਖਦੇ ਹਨ, ਦੱਸ ਕਿਸੇ ਨੂੰ ਵੀ ਨਹੀਂ ਸਕਣਗੇ। ਸਿਰਫ਼ ਕਾਗਜ਼ ਨੂੰ ਦੱਸਦੇ ਹਨ। ਕਾਗਜ਼ ਕੀ ਕਰੇਂਗੇ! ਕਾਗਜ਼ ਨਾਲ ਤਾਂ ਕੋਈ ਸਮਝੇਗਾ ਨਹੀਂ। ਇਸ ਚਿੱਤਰ ਨਾਲ ਬਹੁਤ ਚੰਗਾ ਸਮਝਣਗੇ। ਵੱਡੇ ਤੋਂ ਵੱਡੀ ਨਾਲੇਜ਼ ਹੈ ਤੇ ਅੱਖਰ ਵੀ ਵੱਡੇ - ਵੱਡੇ ਹੋਣੇ ਚਾਹੀਦੇ ਹਨ। ਵੱਡੇ ਤੋਂ ਵੱਡਾ ਚਿੱਤਰ ਵੇਖ ਮਨੁੱਖ ਸਮਝਣਗੇ ਇਸ ਵਿੱਚ ਕੁਝ ਸਾਰ ਹੈ। ਸਥਾਪਨਾ ਅਤੇ ਵਿਨਾਸ਼ ਵੀ ਲਿਖਿਆ ਹੋਇਆ ਹੈ। ਰਾਜਧਾਨੀ ਦੀ ਸਥਾਪਨਾ, ਇਹ ਹੈ ਗੌਡ ਫ਼ਾਦਰਲੀ ਬਰ੍ਥ ਰਾਈਟ। ਹਰ

ਇੱਕ ਬੱਚੇ ਦਾ ਹੱਕ ਹੈ ਜੀਵਨਮੁਕਤੀ ਤੇ ਬੱਚਿਆਂ ਦੀ ਬੁੱਧੀ ਵੀ ਚਲਣੀ ਚਾਹੀਦੀ ਕਿ ਸਭ ਜੀਵਨਬੰਧ ਵਿਚ ਹਨ, ਇਨ੍ਹਾਂ ਨੂੰ ਜੀਵਨਬੰਧ ਤੋਂ ਜੀਵਨਮੁਕਤੀ ਵਿੱਚ ਕਿਵੇਂ ਲੈਕੇ ਜਾਈਏ? ਪਹਿਲਾਂ ਸ਼ਾਂਤੀਧਾਮ ਵਿੱਚ ਜਾਣਗੇ ਫੇਰ ਸੁੱਖਧਾਮ ਵਿੱਚ। ਸੁੱਖਧਾਮ ਨੂੰ ਜੀਵਨਮੁਕਤੀ ਕਹਾਂਗੇ। ਇਹ ਚਿੱਤਰ ਖ਼ਾਸ ਵੱਡੇ - ਵੱਡੇ ਬਣਾਉਣੇ ਚਾਹੀਦੇ। ਮੁੱਖ ਚਿੱਤਰ ਹਨ ਨਾ। ਬਹੁਤ ਵੱਡੇ - ਵੱਡੇ ਅੱਖਰ ਹੋਣ ਤਾਂ ਮਨੁੱਖ ਕਹਿਣਗੇ ਬੀ.ਕੇ . ਨੇ ਇੰਨੇ ਵੱਡੇ ਚਿੱਤਰ ਬਣਾਏ ਹਨ, ਜ਼ਰੂਰ ਕੋਈ ਨਾਲੇਜ਼ ਹੈ। ਤੇ ਜਿੱਥੇ - ਕਿੱਥੇ ਤੁਹਾਡੇ ਵੀ ਵੱਡੇ - ਵੱਡੇ ਚਿੱਤਰ ਲੱਗੇ ਹੋਏ ਹੋਣ ਤਾਂ ਪੁੱਛਣਗੇ ਇਹ ਕੀ ਹੈ? ਬੋਲੋ, ਇਨੇ ਵੱਡੇ ਚਿੱਤਰ ਸਮਝਣ ਦੇ ਲਈ ਬਣਾਏ ਹਨ। ਇਸ ਵਿੱਚ ਕਲੀਅਰ ਲਿਖਿਆ ਹੋਇਆ ਹੈ, ਬੇਹੱਦ ਦਾ ਵਰਸਾ ਇਹਨ੍ਹਾਂ ਦਾ ਸੀ। ਕੱਲ ਦੀ ਗੱਲ ਹੈ, ਅੱਜ ਉਹ ਨਹੀਂ ਹਨ ਕਿਉਂਕਿ 84 ਪੁਨਰਜਨਮ ਲੈਂਦੇ - ਲੈਂਦੇ ਥੱਲੇ ਆ ਗਏ ਹੋ। ਸਤੋਪ੍ਰਧਾਨ ਤੋਂ ਤਮੋਪ੍ਰਧਾਨ ਤਾਂ ਬਣਨਾ ਹੀ ਹੈ। ਗਿਆਨ ਅਤੇ ਭਗਤੀ, ਪੂਜਯ ਅਤੇ ਪੁਜਾਰੀ ਦਾ ਖੇਡ ਹੈ ਨਾ। ਅੱਧੇ - ਅੱਧੇ ਵਿੱਚ ਬਿਲਕੁੱਲ ਪੂਰਾ ਖੇਡ ਬਣਿਆ ਹੋਇਆ ਹੈ। ਤੇ ਇਵੇਂ ਵੱਡੇ - ਵੱਡੇ ਚਿੱਤਰ ਬਣਾਉਨ ਦੀ ਹਿੰਮਤ ਚਾਹੀਦੀ ਹੈ। ਸਰਵਿਸ ਦਾ ਵੀ ਸ਼ੌਂਕ ਚਾਹੀਦਾ ਹੈ। ਦਿੱਲੀ ਦੇ ਤਾਂ ਕੋਨੇ - ਕੋਨੇ ਵਿੱਚ ਸਰਵਿਸ ਕਰਨੀ ਹੈ। ਮੇਲੇ ਮਲਾਖੜੇ ਵਿੱਚ ਤਾਂ ਬਹੁਤ ਲੋਕੀ ਜਾਂਦੇ ਹਨ ਉੱਥੇ ਤੁਹਾਨੂੰ ਇਹ ਚਿੱਤਰ ਹੀ ਕੰਮ ਆਉਣਗੇ। ਤ੍ਰਿਮੂਰਤੀ, ਗੋਲਾ ਇਹ ਹੈ ਮੁੱਖ। ਇਹ ਬਹੁਤ ਚੰਗੀ ਚੀਜ਼ ਹੈ, ਅੰਨ੍ਹੇ ਦੇ ਅੱਗੇ ਜਿਵੇਂ ਆਇਨਾ ਹੈ। ਅੰਨ੍ਹਿਆਂ ਨੂੰ ਪੜ੍ਹਾਇਆ ਜਾਂਦਾ ਹੈ। ਪੜ੍ਹਦੀ ਤਾਂ ਆਤਮਾ ਹੈ ਨਾ। ਪਰ ਆਤਮਾ ਦੇ ਆਰਗਨਜ਼ ਛੋਟੇ ਹਨ, ਤੇ ਉਨ੍ਹਾਂ ਨੂੰ ਪੜ੍ਹਾਉਣ ਦੇ ਲਈ ਚਿੱਤਰ ਆਦਿ ਵਖਾਏ ਜਾਂਦੇ ਹਨ। ਫੇਰ ਥੋੜ੍ਹੇ ਵੱਡੇ ਹੁੰਦੇ ਹਨ ਤੇ ਦੁਨੀਆਂ ਦਾ ਨਕਸ਼ਾ ਵਖਾਉਂਦੇ ਹਨ। ਫੇਰ ਉਹ ਸਾਰਾ ਨਕਸ਼ਾ ਬੁੱਧੀ ਵਿੱਚ ਰਹਿੰਦਾ ਹੈ। ਹੁਣ ਤੁਹਾਡੀ ਬੁੱਧੀ ਵਿੱਚ ਸਾਰਾ ਇਹ ਡਰਾਮਾ ਦਾ ਚੱਕਰ ਹੈ, ਇੰਨੇ ਸਭ ਧਰਮ ਹਨ, ਕਿਵੇਂ - ਕਿਵੇਂ ਨੰਬਰਵਾਰ ਆਉਂਦੇ ਹਨ, ਫੇਰ ਚਲੇ ਜਾਣਗੇ। ਉੱਥੇ ਤਾਂ ਇੱਕ ਹੀ ਆਦਿ ਸਨਾਤਨ ਦੇਵੀ - ਦੇਵਤਾ ਧਰਮ ਸੀ, ਜਿਸਨੂੰ ਸ੍ਵਰਗ ਹੈਵਿਨ ਕਹਿੰਦੇ ਹਨ। ਬਾਪ ਨਾਲ ਯੋਗ ਲਾਉਣ ਨਾਲ ਆਤਮਾ ਪਤਿਤ ਤੋਂ ਪਾਵਨ ਬਣ ਜਾਵੇਗੀ। ਭਾਰਤ ਦਾ ਪ੍ਰਾਚੀਨ ਯੋਗ ਮਸ਼ਹੂਰ ਹੈ। ਯੋਗ ਮਤਲਬ ਯਾਦ। ਬਾਪ ਵੀ ਕਹਿੰਦੇ ਹਨ ਮੈਨੂੰ ਬਾਪ ਨੂੰ ਯਾਦ ਕਰੋ। ਇਹ ਕਹਿਣਾ ਪੈਂਦਾ ਹੈ। ਲੌਕਿਕ ਬਾਪ ਨੂੰ ਕੋਈ ਕਹਿਣਾ ਨਹੀਂ ਪੈਂਦਾ ਹੈ ਕਿ ਮੈਨੂੰ ਯਾਦ ਕਰੋ। ਬੱਚੇ ਆਟੋਮੈਟੀਕਲੀ ਬਾਬਾ - ਮੰਮਾ ਕਹਿੰਦੇ ਰਹਿੰਦੇ ਹਨ। ਉਹ ਹਨ ਲੌਕਿਕ ਮਾਤ - ਪਿਤਾ, ਇਹ ਹੈ ਪਾਰਲੌਕਿਕ, ਜਿਸਦਾ ਗਾਇਨ ਵੀ ਹੈ - ਤੁਹਾਡੀ ਕਿਰਪਾ ਤੋਂ ਸੁੱਖ ਘਣੇਰੇ। ਜਿਸਨੂੰ ਦੁੱਖ ਹੈ ਉਹੀ ਗਾਉਂਦੇ ਹਨ। ਸੁੱਖ ਵਿੱਚ ਤਾਂ ਕਹਿਣ ਦੀ ਲੋੜ ਹੀ ਨਹੀਂ ਰਹਿੰਦੀ। ਦੁੱਖ ਵਿੱਚ ਹਨ ਉਦੋਂ ਬਲਾਉਂਦੇ ਹਨ। ਹੁਣ ਤੁਸੀਂ ਸਮਝ ਗਏ ਹੋ ਇਹ ਮਾਤ - ਪਿਤਾ ਹਨ। ਬਾਪ ਕਹਿੰਦੇ ਹਨ ਨਾ - ਦਿਨ ਪ੍ਰਤਿਦਿਨ ਤੁਹਾਨੂੰ ਗਹਿਰੀਆਂ - ਗਹਿਰੀਆਂ ਗੱਲਾਂ ਸੁਣਾਉਂਦਾ ਹਾਂ। ਪਹਿਲਾਂ ਪਤਾ ਸੀ ਕੀ ਕਿ ਮਾਤ - ਪਿਤਾ ਕਿਸਨੂੰ ਕਿਹਾ ਜਾਂਦਾ ਹੈ? ਹੁਣ ਤੁਸੀਂ ਜਾਣਦੇ ਹੋ ਪਿਤਾ ਤਾਂ ਉਸਨੂੰ ਹੀ ਕਿਹਾ ਜਾਂਦਾ ਹੈ। ਪਿਤਾ ਕੋਲੋਂ ਵਰਸਾ ਮਿਲਦਾ ਹੈ ਬ੍ਰਹਮਾ ਦੁਆਰਾ। ਮਾਤਾ ਵੀ ਚਾਹੀਦੀ ਹੈ ਨਾ ਕਿਉਂਕਿ ਬੱਚਿਆਂ ਨੂੰ ਅਡੋਪਟ ਕਰਨਾ ਹੈ। ਇਹ ਗੱਲ ਕਿਸੇ ਦੇ ਵੀ ਧਿਆਨ ਵਿੱਚ ਨਹੀਂ ਆਏਗੀ। ਤੇ ਬਾਬਾ ਘੜੀ - ਘੜੀ ਕਹਿੰਦੇ ਹਨ - ਮਿੱਠੇ - ਮਿੱਠੇ ਬੱਚਿਓ, ਬਾਪ ਨੂੰ ਯਾਦ ਕਰਦੇ ਰਹੋ। ਲਕਸ਼ ਮਿਲ ਗਿਆ ਫੇਰ ਭਾਵੇਂ ਕਿੱਥੇ ਵੀ ਜਾਓ। ਵਿਲਾਇਤ ਵਿੱਚ ਜਾਓ, 7 ਰੋਜ਼ ਕੋਰਸ ਕੀਤਾ ਤਾਂ ਬਹੁਤ ਹੈ। ਬਾਪ ਤੋਂ ਤੇ ਵਰਸਾ ਲੈਣਾ ਹੀ ਹੈ। ਯਾਦ ਨਾਲ ਹੀ ਆਤਮਾ ਪਾਵਨ ਬਣੇਗੀ। ਸ੍ਵਰਗ ਦਾ ਮਾਲਿਕ ਬਣਨਗੇ। ਇਹ ਲਕਸ਼ ਤਾਂ ਬੁੱਧੀ ਵਿੱਚ ਹੈ ਫੇਰ ਭਾਵੇਂ ਕਿੱਥੇ ਵੀ ਜਾਓ। ਸਾਰਾ ਗਿਆਨ ਗੀਤਾ ਦਾ ਇਸ ਬੈਚ ਵਿੱਚ ਹੈ। ਕਿਸੇ ਨੂੰ ਪੁੱਛਣ ਦੀ ਵੀ ਲੋੜ ਨਹੀਂ ਰਹੇਗੀ ਕਿ ਕੀ ਕਰਨਾ ਹੈ। ਬਾਪ ਤੋਂ ਵਰਸਾ ਲੈਣਾ ਹੈ ਤਾਂ ਜ਼ਰੂਰ ਬਾਪ ਨੂੰ ਯਾਦ ਕਰਨਾ ਹੈ। ਤੁਸੀਂ ਇਹ ਵਰਸਾ ਬਾਪ ਕੋਲੋਂ ਅਨੇਕ ਵਾਰੀ ਲਿਆ ਹੈ। ਡਰਾਮਾ ਦਾ ਚੱਕਰ ਰਿਪੀਟ ਹੁੰਦਾ ਰਹਿੰਦਾ ਹੈ ਨਾ। ਅਨੇਕ ਵਾਰ ਤੁਸੀਂ ਟੀਚਰ ਤੋਂ ਪੜ੍ਹ ਕੇ ਕੋਈ ਨਾ ਕੋਈ ਪੱਦ ਪ੍ਰਾਪਤ ਕਰਦੇ ਹੋ। ਪੜ੍ਹਾਈ ਵਿੱਚ ਬੁੱਧੀਯੋਗ ਟੀਚਰ ਦੇ ਨਾਲ ਰਹਿੰਦਾ ਹੈ ਨਾ। ਇਮਤਿਹਾਨ ਭਾਵੇਂ ਛੋਟਾ ਹੋਵੇ, ਭਾਵੇਂ ਵੱਡਾ ਹੋਵੇ, ਪੜ੍ਹਦੀ ਤਾਂ ਆਤਮਾ ਹੈ ਨਾ। ਇਨ੍ਹਾਂ ਦੀ ਵੀ ਆਤਮਾ ਪੜ੍ਹਦੀ ਹੈ। ਟੀਚਰ ਨੂੰ ਅਤੇ ਹੋਰ ਫੇਰ ਏਮ ਆਬਜੈਕਟ ਨੂੰ ਯਾਦ ਕਰਨਾ ਹੈ। ਸ੍ਰਿਸ਼ਟੀ ਦਾ ਚੱਕਰ ਵੀ ਬੁੱਧੀ ਵਿੱਚ ਰੱਖਣਾ ਹੈ। ਬਾਪ ਅਤੇ ਵਰਸੇ ਨੂੰ ਯਾਦ ਕਰਨਾ ਹੈ। ਦੈਵੀਗੁਣ ਵੀ ਧਾਰਨ ਕਰਨੇ ਹਨ। ਜਿਨ੍ਹਾਂ ਧਾਰਨ ਕਰਣਗੇ ਉਨ੍ਹਾਂ ਉੱਚ ਪੱਦ ਪਾਉਣਗੇ। ਚੰਗੀ ਤਰ੍ਹਾਂ ਯਾਦ ਕਰਦੇ ਰਹਿੰਦੇ ਹਨ ਫੇਰ ਇੱਥੇ ਆਉਣ ਦੀ ਵੀ ਕੀ ਲੋੜ ਹੈ। ਪਰ ਫੇਰ ਵੀ ਆਉਂਦੇ ਹਨ। ਇਨਾਂ ਉੱਚਾ ਬਾਪ, ਜਿਸ ਕੋਲੋਂ ਇਨਾਂ ਬੇਹੱਦ ਦਾ ਵਰਸਾ ਮਿਲਦਾ ਹੈ, ਉਸਨੂੰ ਮਿਲਕੇ ਤਾਂ ਆਈਏ। ਮੰਤਰ ਲੈਕੇ ਸਭ ਆਉਂਦੇ ਹਨ। ਤੁਹਾਨੂੰ ਤਾਂ ਬਹੁਤ ਭਾਰੀ ਮੰਤਰ ਮਿਲਦਾ ਹੈ। ਨਾਲੇਜ਼ ਤਾਂ ਸਾਰੀ ਚੰਗੀ ਤਰ੍ਹਾਂ ਬੁੱਧੀ ਵਿੱਚ ਹੈ।

ਹੁਣ ਤੁਸੀਂ ਬੱਚੇ ਸਮਝਦੇ ਹੋ ਕਿ ਵਿਨਾਸ਼ੀ ਕਮਾਈ ਦੇ ਪਿੱਛੇ ਟਾਈਮ ਵੇਸ੍ਟ ਨਹੀਂ ਕਰਨਾ ਹੈ। ਉਹ ਤਾਂ ਸਭ ਮਿੱਟੀ ਵਿੱਚ ਮਿਲ ਜਾਵੇਗਾ। ਬਾਪ ਨੂੰ ਕੁਝ ਚਾਹੀਦਾ ਹੈ ਕੀ? ਕੁਝ ਵੀ ਨਹੀਂ। ਕੁਝ ਵੀ ਖਰਚਾ ਆਦਿ ਕਰਦੇ ਹਨ ਤੇ ਉਹ ਤਾਂ ਆਪਣੇ ਲਈ ਹੀ ਕਰਦੇ ਹਨ। ਇਸ ਵਿੱਚ ਪਾਈ ਦਾ ਵੀ ਖ਼ਰਚਾ ਨਹੀਂ ਹੈ। ਕੋਈ ਗੋਲੇ ਜਾਂ ਟੈਂਕ ਆਦਿ ਤਾਂ ਖਰੀਦ ਨਹੀਂ ਕਰਨੇ ਹਨ ਲੜਾਈ ਦੇ ਲਈ। ਕੁਝ ਵੀ ਨਹੀਂ ਹੈ। ਤੁਸੀਂ ਲੜਦੇ ਹੋਇਆ ਵੀ ਸਾਰੀ ਦੁਨੀਆਂ ਤੋਂ ਗੁਪਤ ਹੋ। ਤੁਹਾਡੀ ਲੜਾਈ ਵੇਖੋ ਕਿਵੇਂ ਦੀ ਹੈ। ਇਸ ਨੂੰ ਕਿਹਾ ਜਾਂਦਾ ਹੈ ਯੋਗਬਲ, ਸਾਰੀ ਗੁਪਤ ਗੱਲ ਹੈ। ਇਸ ਵਿੱਚ ਕੋਈ ਨੂੰ ਮਾਰਨ ਦੀ ਲੋੜ ਨਹੀਂ ਹੈ। ਤੁਹਾਨੂੰ ਸਿਰਫ਼ ਬਾਪ ਨੂੰ ਯਾਦ ਕਰਨਾ ਹੈ। ਇਨ੍ਹਾਂ ਸਭਦੀ ਮੌਤ ਦਾ ਡਰਾਮੇ ਵਿੱਚ ਨੂੰਧਿਆ ਹੋਇਆ ਹੈ। ਹਰ 5 ਹਜ਼ਾਰ ਵਰ੍ਹੇ ਬਾਦ ਤੁਸੀਂ ਯੋਗਬਲ ਜਮਾ ਕਰਨ ਦੇ ਲਈ ਪੜ੍ਹਾਈ ਪੜ੍ਹਦੇ ਹੋ। ਪੜ੍ਹਾਈ ਪੂਰੀ ਹੋਈ ਫੇਰ ਪ੍ਰਾਲਬੱਧ ਚਾਹੀਦੀ ਨਵੀਂ ਦੁਨੀਆਂ ਵਿੱਚ। ਪੁਰਾਣੀ ਦੁਨੀਆਂ ਲਈ ਇਹ ਨੈਚੁਰਲ ਕੇਲੈਮੀਟੀਜ਼ ਹੈ। ਗਾਇਨ ਵੀ ਹੈ - ਆਪਣੇ ਕੁੱਲ ਦਾ ਵਿਨਾਸ਼ ਕਿਵੇਂ ਕਰਦੇ ਹਨ। ਕਿੰਨਾ ਵੱਡਾ ਕੁੱਲ ਹੈ। ਸਾਰਾ ਯੂਰੋਪ ਆ ਜਾਂਦਾ ਹੈ। ਇਹ ਭਾਰਤ ਤਾਂ ਵੱਖ ਕੋਨੇ ਵਿੱਚ ਹੈ। ਬਾਕੀ ਸਭ ਖ਼ਲਾਸ ਹੋ ਜਾਣੇ ਹਨ। ਯੋਗਬਲ ਨਾਲ ਤੁਸੀਂ ਸਾਰੇ ਵਿਸ਼ਵ ਤੇ ਵਿਜੇ ਪਾਉਂਦੇ ਹੋ, ਪਵਿੱਤਰ ਵੀ ਬਣਨਾ ਹੈ ਇਨਾਂ ਲਕਸ਼ਮੀ - ਨਾਰਾਇਣ ਦੀ ਤਰ੍ਹਾਂ। ਉੱਥੇ ਕ੍ਰਿਮੀਨਲ ਅੱਖ ਹੀ ਨਹੀਂ। ਅੱਗੇ ਚੱਲ ਕੇ ਤੁਹਾਨੂੰ ਸ਼ਾਖਸ਼ਤਕਾਰ ਹੋਣਗੇ। ਆਪਣੇ ਦੇਸ਼ ਦੇ ਨੇੜੇ ਆਉਣ ਨਾਲ ਫੇਰ ਝਾੜ ਵਖਾਈ ਦਿੰਦਾ ਹੈ ਨਾ। ਤਾਂ ਖੁਸ਼ੀ ਹੁੰਦੀ ਹੈ - ਹੁਣ ਆਕੇ ਪਹੁੰਚੇ ਹਾਂ ਆਪਣੇ ਘਰ ਦੇ ਨੇੜੇ। ਤੁਸੀਂ ਵੀ ਘਰ ਚੱਲ ਪਏ ਹੋ ਫੇਰ ਆਪਣੇ

ਸੁੱਖਧਾਮ ਆਓਗੇ। ਬਾਕੀ ਥੋੜਾ ਵਕ਼ਤ ਹੈ, ਸ੍ਵਰਗ ਤੋਂ ਵਿਦਾਈ ਲੀਤੇ ਕਿੰਨਾ ਵਕ਼ਤ ਹੋ ਗਿਆ ਹੈ। ਹੁਣ ਫੇਰ ਸ੍ਵਰਗ ਨੇੜੇ ਆ ਰਿਹਾ ਹੈ। ਤੁਹਾਡੀ ਬੁੱਧੀ ਚੱਲੀ ਜਾਂਦੀ ਹੈ ਉੱਪਰ। ਉਹ ਹੈ ਨਿਰਾਕਾਰੀ ਦੁਨੀਆਂ, ਜਿਸਨੂੰ ਬ੍ਰਹਮੰਡ ਵੀ ਕਹਿੰਦੇ ਹਨ। ਅਸੀਂ ਉੱਥੇ ਦੇ ਰਹਿਣ ਵਾਲੇ ਹਾਂ। ਇੱਥੇ 84 ਦਾ ਪਾਰ੍ਟ ਵਜਾਇਆ। ਹੁਣ ਅਸੀਂ ਜਾਂਦੇ ਹਾਂ। ਤੁਸੀਂ ਬੱਚੇ ਹੋ ਆਲਰਾਉਂਡਰ, ਸ਼ੁਰੂ ਤੋਂ ਲੈਕੇ ਪੂਰੇ 84 ਜਨਮ ਲੈਣ ਵਾਲੇ ਹੋ। ਦੇਰੀ ਨਾਲ ਆਉਣ ਵਾਲੇ ਨੂੰ ਆਲਰਾਉਂਡਰ ਨਹੀਂ ਕਹਾਂਗੇ। ਬਾਪ ਨੇ ਸਮਝਾਇਆ ਹੈ - ਮੈਕਸੀਮਮ ਅਤੇ ਮਿਨੀਮਮ ਕਿੰਨੇ ਜਨਮ ਲੈਂਦੇ ਹੋ? ਇੱਕ ਜਨਮ ਤੱਕ ਵੀ ਹੈ। ਪਿਛਾੜੀ ਵਿੱਚ ਸਭ ਚਲੇ ਜਾਣਗੇ ਵਾਪਿਸ। ਨਾਟਕ ਪੂਰਾ ਹੋਇਆ, ਖੇਡ ਖ਼ਲਾਸ। ਹੁਣ ਬਾਪ ਸਮਝਾਉਂਦੇ ਹਨ - ਮੈਨੂੰ ਯਾਦ ਕਰੋ, ਅੰਤ ਮਤਿ ਸੋ ਗਤੀ ਹੋ ਜਾਏਗੀ। ਬਾਪ ਦੇ ਕੋਲ ਪਰਮਧਾਮ ਵਿੱਚ ਚਲੇ ਜਾਣਗੇ। ਉਸਨੂੰ ਕਹਿੰਦੇ ਹਨ ਮੁਕਤੀਧਾਮ, ਸ਼ਾਂਤੀਧਾਮ ਅਤੇ ਫੇਰ ਸੁੱਖਧਾਮ। ਇਹ ਹੈ ਦੁੱਖਧਾਮ। ਉਪਰੋਂ ਦੀ ਹਰ ਇੱਕ ਸਤੋਪ੍ਰਧਾਨ ਫੇਰ ਸਤੋ, ਰਜੋ, ਤਮੋ ਵਿੱਚ ਆਉਂਦੇ ਹਨ। ਇੱਕ ਜਨਮ ਵੀ ਹੋਵੇਗਾ ਤੇ ਉਸ ਵਿੱਚ ਇਨਾਂ 4 ਸਟੇਜਿਜ਼ ਨੂੰ ਪਾਉਣਗੇ। ਕਿੰਨਾ ਚੰਗਾ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ, ਫੇਰ ਵੀ ਯਾਦ ਨਹੀਂ ਕਰਦੇ। ਬਾਪ ਨੂੰ ਭੁੱਲ ਜਾਂਦੇ ਹਨ, ਨੰਬਰਵਾਰ ਤਾਂ ਹੈ ਨਾ। ਬੱਚੇ ਜਾਣਦੇ ਹਨ ਨੰਬਰਵਾਰ ਪੁਰਸ਼ਾਰਥ ਅਨੁਸਾਰ ਰੁਦ੍ਰ ਮਾਲਾ ਬਣਦੀ ਹੈ। ਕਿੰਨੇ ਕਰੋੜ ਦੀ ਰੁਦ੍ਰ ਮਾਲਾ ਹੈ। ਬੇਹੱਦ ਦੇ ਵਿਸ਼ਵ ਦੀ ਮਾਲਾ ਹੈ। ਬ੍ਰਹਮਾ ਸੋ ਵਿਸ਼ਨੂੰ, ਵਿਸ਼ਨੂੰ ਸੋ ਬ੍ਰਹਮਾ, ਦੋਨਾਂ ਦਾ ਸਰਨੇਮ ਵੇਖੋ, ਇਹ ਪ੍ਰਜਾਪਿਤਾ ਬ੍ਰਹਮਾ ਦਾ ਨਾਮ ਹੈ। ਅੱਧਾਕਲਪ ਫੇਰ ਆਉਂਦਾ ਹੈ ਰਾਵਣ। ਡਿਟੀਜਮ, ਫਿਰ ਇਸਲਾਮਿਜਮ...। ਆਦਮ ਬੀਬੀ ਨੂੰ ਵੀ ਯਾਦ ਕਰਦੇ ਹਨ, ਪੈਰਾਡਾਇਜ਼ ਨੂੰ ਵੀ ਯਾਦ ਕਰਦੇ ਹਨ। ਭਾਰਤ ਪੈਰਾਡਾਇਜ਼ ਸ੍ਵਰਗ ਸੀ, ਬੱਚਿਆਂ ਨੂੰ ਖੁਸ਼ੀ ਤਾਂ ਬਹੁਤ ਹੋਣੀ ਚਾਹੀਦੀ ਹੈ। ਬੇਹੱਦ ਦਾ ਬਾਪ, ਉੱਚੇ ਤੇ ਉੱਚਾ ਭਗਵਾਨ ਉੱਚੇ ਤੇ ਉੱਚਾ ਪੜ੍ਹਾਉਂਦੇ ਹਨ। ਉੱਚ ਤੇ ਉੱਚ ਪੱਦ ਮਿਲਦਾ ਹੈ। ਸਭਤੋਂ ਉੱਚ ਤੇ ਉੱਚ ਟੀਚਰ ਹੈ ਬਾਪ। ਉਹ ਟੀਚਰ ਵੀ ਹੈ ਫੇਰ ਨਾਲ ਲੈ ਜਾਏਗਾ ਤੇ ਸਤਿਗੁਰੂ ਵੀ ਹੈ। ਇਵੇਂ ਦਾ ਬਾਪ ਕਿਉਂ ਯਾਦ ਨਹੀਂ ਰਹੇਗਾ। ਖੁਸ਼ੀ ਦਾ ਪਾਰਾ ਚੜ੍ਹਿਆ ਰਹਿਣਾ ਚਾਹੀਦਾ। ਪਰ ਯੁੱਧ ਦਾ ਮੈਦਾਨ ਹੈ, ਮਾਇਆ ਠਹਿਰਣ ਨਹੀਂ ਦੇਂਦੀ ਹੈ। ਘੜੀ - ਘੜੀ ਡਿੱਗ ਪੈਂਦੇ ਹਨ। ਬਾਪ ਤਾਂ ਕਹਿੰਦੇ ਹਨ - ਬੱਚੇ, ਯਾਦ ਨਾਲ ਹੀ ਤੁਸੀਂ ਮਾਇਆਜੀਤ ਬਣੋਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਜੋ ਸਿਖਾਉਂਦੇ ਹਨ ਉਸ ਨੂੰ ਅਮਲ ਵਿੱਚ ਲਿਆਉਣਾ ਹੈ, ਸਿਰਫ਼ ਕਾਗਜ਼ ਤੇ ਨੋਟ ਨਹੀਂ ਕਰਨਾ ਹੈ। ਵਿਨਾਸ਼ ਤੋਂ ਪਹਿਲਾਂ ਜੀਵਨਬੰਧ ਤੋਂ ਜੀਵਨਮੁਕਤੀ ਪੱਦ ਪ੍ਰਾਪਤ ਕਰਨਾ ਹੈ।

2. ਆਪਣਾ ਟਾਈਮ ਵਿਨਾਸ਼ੀ ਕਮਾਈ ਦੇ ਪਿੱਛੇ ਜਿਆਦਾ ਵੇਸ੍ਟ ਨਹੀਂ ਕਰਨਾ ਹੈ। ਕਿਉਂਕਿ ਇਹ ਤਾਂ ਸਭ ਮਿੱਟੀ ਵਿੱਚ ਮਿਲ ਜਾਣਾ ਹੈ ਇਸਲਈ ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਲੈਣਾ ਹੈ ਹੋਰ ਦੈਵੀਗੁਣ ਵੀ ਧਾਰਨ ਕਰਨੇ ਹਨ।

ਵਰਦਾਨ:- ਯੋਗਬਲ ਦਵਾਰਾ ਮਾਇਆ ਦੀ ਸ਼ਕਤੀ ਤੇ ਜਿੱਤ ਪ੍ਰਾਪਤ ਕਰਨ ਵਾਲੇ ਸਦਾ ਵਿਜੇਈ ਭਵ

ਗਿਆਨ ਬਲ ਅਤੇ ਯੋਗ ਬਲ ਸਬ ਤੋਂ ਸ੍ਰੇਸ਼ਠ ਬਲ ਹੈ। ਜਿਵੇਂ ਸਾਇੰਸ ਦਾ ਬਲ ਹਨ੍ਹੇਰੇ ਤੇ ਵਿਜੇ ਪ੍ਰਾਪਤ ਕਰ ਰੋਸ਼ਨੀ ਕਰ ਦਿੰਦਾ ਹੈ। ਇਵੇਂ ਯੋਗਬਲ ਸਦਾ ਦੇ ਲਈ ਮਾਇਆ ਤੇ ਜਿੱਤ ਪ੍ਰਾਪਤ ਕਰ ਵਿਜੇਈ ਬਣਾ ਦਿੰਦਾ ਹੈ। ਯੋਗਬਲ ਐਨਾ ਸ੍ਰੇਸ਼ਠ ਬਲ ਹੈ ਜੋ ਮਾਇਆ ਦੀ ਸ਼ਕਤੀ ਇਸਦੇ ਅੱਗੇ ਕੁਝ ਵੀ ਨਹੀਂ ਹੈ। ਯੋਗਬਲ ਵਾਲੀ ਆਤਮਾਵਾਂ ਸੁਪਨੇ ਵਿੱਚ ਵੀ ਮਾਇਆ ਤੋਂ ਹਾਰ ਖਾ ਸਕਦੀ। ਸੁਪਨੇ ਵਿੱਚ ਵੀ ਕੋਈ ਕਮਜ਼ੋਰੀ ਆ ਨਹੀਂ ਸਕਦੀ। ਇਵੇਂ ਵਿਜੇ ਦਾ ਤਿਲਕ ਤੁਹਾਡੇ ਮੱਥੇ ਤੇ ਲੱਗਿਆ ਹੋਇਆ ਹੈ।

ਸਲੋਗਨ:- ਨੰਬਰਵਨ ਵਿੱਚ ਆਉਣਾ ਹੈ ਤਾਂ ਵਿਅਰਥ ਨੂੰ ਸਮਰੱਥ ਵਿੱਚ ਪਰਿਵਰਤਨ ਕਰ ਦਵੋ।

******